International Journal of Applied Research 2017; 3(9): 663-669




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(9): 663-669
www.allresearchjournal.com
Received: 12-07-2017
Accepted: 20-08-2017

**ਠਾਕੁਰ ਸਿੰਘ**
ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਕਾਲਜ ਮੀਰਾਪੁਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਟਿਆਲਾ, ਪੰਜਾਬ।, ਭਾਰਤ

**Corresponding Author:**
**ਠਾਕੁਰ ਸਿੰਘ**
ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਕਾਲਜ ਮੀਰਾਪੁਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਟਿਆਲਾ, ਪੰਜਾਬ।, ਭਾਰਤ

# ‘ਲੀਲ੍ਹਾ’ ਦੇ ਵਿਭਿੰਨ ਪਾਸਾਰ

**ਠਾਕੁਰ ਸਿੰਘ**

**ਸੰਖੇਪ:**
ਇਸ ਖੋਜ ਨਿਬੰਧ ਦਾ ਵਿਸ਼ਾ ਲੀਲ੍ਹਾ ਦੇ ਵਿਭਿੰਨ ਵਸਤੂਗਤ ਪਾਸਾਰਾਂ ਦੀ ਖੋਜ ਕਰਨਾ ਹੈ। ਲੀਲ੍ਹਾ ਕਾਵਿ ਦਾ ਵਿਸ਼ਾ ਇਤਨਾ ਵਿਆਪਕ ਹੈ ਕਿ ਉਹ ਪ੍ਰਕਿਰਤੀ ਦਾ ਪ੍ਰਤਿਬਿੰਬ ਹੀ ਜਾਪਦਾ ਹੈ। ਜੇ ਕੋਈ ਮਨੁੱਖ ਪ੍ਰਕਿਰਤੀ ਵਿਚ ਦਖਲ ਦਿੰਦਾ ਹੈ ਤਾਂ ਮਨੁੱਖੀ ਅਕਸ ਧੁੰਦਲਾਂ ਵੀ ਪੈਂਦਾ ਹੈ ਤਦ ਅਮਾਨਵੀ ਵਿਵਹਾਰ ਵੀ ਪੈਦਾ ਹੋ ਜਾਂਦਾ ਹੈ। ਇਸ ਕਾਵਿ ਦੇ ਬਹੁਤੇ ਵਿਸ਼ੇ ਸਮਾਜ ਦੀ ਬਾਹਰਮੁਖਤਾ ਨਾਲ ਸਬੰਧਤ ਨਹੀਂ ਬਲਕਿ ਮਨੁੱਖ ਦੀ ਅੰਤਰਮੁਖਤਾ ਅਤੇ ਆਂਤਰਿਕਤਾ ਨੂੰ ਪ੍ਰਫੁੱਲਤ ਕਰਨ ਵਾਲੇ ਹਨ, ਜੋ ਮਨੁੱਖ ਨੂੰ ਮੂਲ ਨਾਲ, ਸਮਾਜ ਨੂੰ ਮਨੁੱਖਤਾ ਨਾਲ ਅਤੇ ਮਨੁੱਖਤਾ ਨੂੰ ਉਸ ਦੀਆਂ ਪਰੰਪਰਕ ਜੜਾਂ ਨਾਲ ਅਤੇ ਗਿਆਨ ਦੇ ਭਵਿੱਖ ਨਾਲ ਜੋੜਦੇ ਹਨ।

**ਮੂਲ ਸ਼ਬਦ:** ਪ੍ਰਵਚਨ, ਸਹਿਜਤਾ, ਦਾਰਸ਼ਨਿਕ, ਸੰਵੇਦਨਾ, ਮੂਰਤ, ਅਮੂਰਤ।

## ਪ੍ਰਸਤਾਵਨਾ:

ਲੀਲ੍ਹਾ ਕਾਵਿ ਸਾਨੂੰ ਇਸ ਲਈ ਪ੍ਰੇਰਿਤ ਕਰਦਾ ਹੈ ਕਿ ਇਸ ਦਾ ਵਿਸ਼ਾ-ਵਸਤੂ ਅਤਿ ਧਿਆਨਯੋਗ ਹੈ ਅਤੇ ਵਿਸਤ੍ਰਿਤ ਅਰਥ ਵਾਲਾ ਹੈ, ਜਦੋਂ ਕਿ ਇਸ ਦੇ ਰਚੇਤਾ ਨਵਤੇਜ ਭਾਰਤੀ ਅਤੇ ਅਜਮੇਰ ਰੋਡੇ ਲਿਖਦੇ ਹਨ ਕਿ ਸੰਸਾਰ ਰਚਨਾ ਅਦਿੱਖ ਦੀ ਲੀਲ੍ਹਾ ਅਤੇ ਕਾਵਿ ਰਚਨਾ ਮਨੁੱਖ ਦੀ ਲੀਲ੍ਹਾ ਹੈ। ਇਸ ਲਈ ਲੀਲ੍ਹਾ ਦਾ ਵਿਸ਼ਾ ਪ੍ਰਕਿਰਤੀ ਦੇ ਵਿਸ਼ਾਲ ਅਤੇ ਵਡੇਰੇ ਅਰਥਾਂ ਤੀਕ ਫੈਲਿਆ ਹੋਇਆ ਹੈ। ਜਿੱਥੇ ਸਮੁੱਚੀ ਪ੍ਰਕਿਰਤੀ ਦੇ ਦਿੱਖ-ਅਦਿੱਖ ਰਹੱਸ ਅਤੇ ਮਨੁੱਖੀ ਜੀਵਨ ਇਕ ਲੀਲ੍ਹਾ ਹੈ। ਪਾਤਾਲ ਹੇਠਲੇ ਅਬੁੱਝ ਰਹੱਸ, ਧਰਤੀ ਤੇ ਸਾਗਰ ਵਲ ਦੌੜਦੀਆਂ ਹੋਈਆਂ ਧਾਰਾਵਾਂ, ਆਕਾਸ਼ ਵਲ ਦੌੜਦੇ ਹੋਏ ਬੱਦਲ, ਸਭ ਲੀਲ੍ਹਾ ਦੇ ਵਿਰਾਟ ਰੂਪ ਹਨ। ਜਿੱਥੇ ਮਨੁੱਖੀ ਨਿਯਮ, ਅਨੁਸ਼ਾਸਨ, ਕਾਨੂੰਨ ਲਾਗੂ ਨਹੀਂ ਹੁੰਦੇ, ਉਹ ਲੀਲ੍ਹਾ ਹੈ। ਇੰਝ ਲੀਲ੍ਹਾ ਉਹ ਵਿਸ਼ਾਲਤਮ ਪ੍ਰਕਿਰਤਕ ਵਰਤਾਰਾ ਹੈ ਜੋ ਆਪਣੇ ਆਪ ਹੀ ਸੰਚਾਲਤ/ਘਟਿਤ ਹੋ ਰਿਹਾ ਹੈ, ਜੋ ਆਪਣੇ ਆਪ ਹੀ ਗਤੀਸ਼ੀਲ ਹੈ ਅਤੇ ਸਵੈ ਸੰਚਾਲਕ ਹੈ :

Leela O! The Supreme ocean
a boat Sailing
no where to go
no where to reach(Sidarth) [1]

ਲੀਲ੍ਹਾ ਦਾ ਕਾਵਿਕ ਪ੍ਰਵਚਨ "ਅੰਗਰੇਜ਼ੀ ਕਵੀ ਵਰਡਜ਼ਵਰਥ ਨਾਲ ਮਿਲਦਾ ਜੁਲਦਾ ਹੈ ਜੋ ਕਵਿਤਾ ਨੂੰ ਮਨੁੱਖ ਅਤੇ ਪ੍ਰਕਿਰਤੀ ਦਾ ਪ੍ਰਤਿਬਿੰਬ ਕਹਿੰਦਾ ਹੈ।"

[2] ਲੀਲ੍ਹਾ ਦੀਆਂ ਕਵਿਤਾਵਾਂ ਨੂੰ ਕਿਸੇ ਤਰ੍ਹਾਂ ਦੇ ਵਰਗ ਜਾਂ ਵਾਦ ਵਿਚ ਵੰਡਿਆ ਨਹੀਂ ਜਾ ਸਕਦਾ ਇਹ ਕਵਿਤਾਵਾਂ ਪ੍ਰਕਿਰਤੀ ਦੀ ਵਿਭਿੰਨਤਾ, ਇਤਿਹਾਸਕਤਾ ਅਤੇ ਮਹਾਨਤਾ ਨੂੰ ਪ੍ਰਸਤੁਤ ਕਰਦੀਆਂ ਹਨ। ਇਸ ਕਰਕੇ ਹੀ ਇਸ ਦੇ ਵਿਸ਼ਿਆਂ 'ਚ ਜਿੱਥੇ ਸੁੰਦਰਤਾ ਹੈ, ਉੱਥੇ ਇਸ ਦੇ ਅੱਖਰਾਂ ਅਤੇ ਅਰਥਾਂ ਵਿਚ ਵੀ ਕੋਮਲਤਾ ਅਤੇ ਸੁਤੰਤਰਤਾ ਬਿਰਾਜਮਾਨ ਹੈ। ਇਹ ਕਵਿਤਾਵਾਂ ਮਨੁੱਖ ਦੀ ਖੰਡਿਤ ਹੋ ਰਹੀ ਹੋਂਦ, ਵਿਭਾਜਤ ਹੋ ਰਹੀ ਵਿਚਾਰਧਾਰਾ ਨੂੰ ਉਜਾਗਰ ਕਰਦੀਆਂ ਹਨ। ਇਹਨਾਂ ਕਵਿਤਾਵਾਂ ਦੇ ਵਿਸ਼ੇ ਮਨੁੱਖ ਲਈ ਸ਼ੀਸ਼ਾ ਬਣਕੇ ਦ੍ਰਿਸ਼ਟੀ ਗੋਚਰ ਹੁੰਦੇ ਹਨ।ਪੂੰਜੀ ਆਧਾਰਤ ਆਧੁਨਿਕਤਾ ਅੱਜ ਦੇ ਮਨੁੱਖ ਦਾ ਅਮਾਨਵੀਕਰਨ ਕਰ ਰਹੀ ਹੈ। ਇਹ ਅਮਾਨਵੀਕਰਨ ਅਜੋਕੇ ਮਨੁੱਖ ਨੂੰ ਆਰਥਕ ਮਾਨਵ ਬਣਾ ਦੇਣ ਕਾਰਨ ਵਾਪਰਿਆ ਹੈ। ਪ੍ਰੰਤੂ ਲੀਲ੍ਹਾ ਦਾ ਮਨੋਰਥ ਹੈ ਕਿ ਬਾਹਰੀ ਹਾਲਤ ਭਾਵੇਂ ਕਿਹੋ ਜਿਹੇ ਵੀ ਕਿਉਂ ਨਾ ਬਣ ਜਾਣ ਮਨੁੱਖ ਮਾਨਵ ਬਣਿਆ ਰਹੇ। ਮਨੁੱਖ ਵਿਕਣ ਵਾਲੀ ਵਸਤੂ ਨਾ ਬਣੇ ਅਤੇ ਨਾ ਹੀ ਵਪਾਰੀ ਦ੍ਰਿਸ਼ਟੀ ਵਾਲਾ ਬਨਣਾ/ਹੋਣਾ ਚਾਹੀਦਾ ਹੈ। ਲੀਲ੍ਹਾ ਕਾਵਿ ਦਾ ਯਤਨ ਹੈ ਕਿ ਮਨੁੱਖ ਨੂੰ ਉਸ ਦੀ ਹਿਲ ਚੁੱਕੀ ਮਨੋ ਅਵਸਥਾ ਅਤੇ ਸਮਾਜਿਕ ਵਿਵਸਥਾ ਤੋਂ ਹਟਾ ਕੇ ਸਹੀ ਟਿਕਾਣੇ ਤੇ ਲੈ ਕੇ ਆਉਣਾ। ਇਸ ਤਰ੍ਹਾਂ ਦੇ ਯਤਨ ਵਜੋਂ ਕਵੀ ਅਭਿਨੰਦਨ ਕਵਿਤਾ ਵਿਚ ਬੰਧਨਾ ਕਰਦਾ ਹੈ :

ਮਾਨਵ ਤੇਰੀ ਵੇਲ ਹਰੀ ਰਹੇ
ਤੇਰੀਆਂ ਜੜਾਂ ਲੱਗੀਆਂ ਰਹਿਣ।[3]

ਉਕਤ ਸੱਤਰਾਂ ਤੋਂ ਮਨੁੱਖੀ ਹੋਂਦ ਨਾਲ ਸਬੰਧਤ ਅੰਤਰਮੁੱਖੀ ਅਤੇ ਬਾਹਰਮੁੱਖੀ ਪੱਖ ਉਭਰਕੇ ਸਾਹਮਣੇ ਆਉਂਦੇ ਹਨ ਕਿ ਮਾਨਵ ਦੀ ਹਰੀ ਭਰੀ ਵੇਲ ਤੇ ਫਿਰਕੂ ਸੋਚਾਂ, ਤੁਅੱਸਵੀਂ ਵਿਚਾਰਾਂ ਦਾ ਜ਼ਹਿਰੀਲਾ ਛਿੜਕਾਅ ਕੀਤਾ ਜਾ ਰਿਹਾ ਹੈ, ਜਿਸ ਤੋਂ ਮਾਨਵ ਦੀ ਹਰੀ ਵੇਲ ਨੂੰ ਖਤਰਾ ਹੈ। ਇੱਥੋਂ ਇਹ ਵੀ ਸੰਕੇਤ ਉਭਰਦਾ ਹੈ ਕਿ ਬਾਹਰੀ ਵਾਤਾਵਰਣ, ਮਨੁੱਖ ਦੀ ਹਰੀ ਵੇਲ ਦੇ ਵਿਕਾਸ ਲਈ ਅਨੁਕੂਲ ਨਹੀਂ ਹੈ। ਭਾਵੇਂ ਇਸ ਛੋਟੀ ਜਿਹੀ ਕਵਿਤਾ 'ਚ ਕਵੀ ਇਹ ਤਾਂ ਨਹੀਂ ਸਪਸ਼ਟ ਕਰਦਾ ਕਿ ਉਹ ਕਿਹੜੀਆਂ ਸ਼ਕਤੀਆਂ ਹਨ ਜੋ ਮਨੁੱਖੀ ਦੀ ਹਰੀ ਵੇਲ ਨੂੰ ਸੁਕਾ ਰਹੀਆਂ ਹਨ। ਇਹ ਸਵਾਲ ਕਵੀ ਨੇ ਮਨੁੱਖ ਦੀ ਜਗਿਆਸੂ ਸੋਚ ਅਤੇ ਚੇਤਨਾ ਲਈ ਖੁੱਲ੍ਹਾ ਛੱਡ ਦਿੱਤਾ ਹੈ ਕਿ ਮਨੁੱਖ ਆਪਣੇ ਬਾਰੇ ਖੁਦ ਸੋਚੇ ਕਿ ਉਸ ਦਾ ਭਵਿੱਖ ਕਿਵੇਂ ਤਬਾਹਕੁੰਨ ਸਥਿਤੀਆਂ ਵਲ ਧਕੇਲਿਆ ਜਾ ਰਿਹਾ ਹੈ।

ਕਵੀ ਅਜਿਹੀ ਕਵਿਤਾ ਚਾਹੁੰਦਾ ਹੈ ਜਿਸ ਅੰਦਰ ਸਹਿਜਤਾ ਹੋਵੇ, ਪਰ ਸਹਿਜਤਾ ਤੀਕ ਪਹੁੰਚਣ ਲਈ ਮਨੁੱਖ ਵਾਸਤੇ ਸਾਧਨਾ ਦੀ ਜ਼ਰੂਰਤ ਹੈ ਕਿਉਂਕਿ ਅਜੋਕਾ ਮਨੁੱਖ ਅਸਹਿਜ ਹੋ ਗਿਆ ਹੈ। ਮਨੁੱਖ ਦੀ ਅਸਹਿਜਤਾ ਪਿੱਛੇ ਅਜੋਕਾ ਸਮਾਜਕ ਪ੍ਰਬੰਧ ਹੈ ਜੋ ਮਨੁੱਖ ਨੂੰ ਕਈ ਤਰੀਕਿਆਂ ਨਾਲ ਅਸਹਿਜ ਬਣਾ ਰਿਹਾ ਹੈ। ਅਸਹਿਜਤਾ ਨੂੰ ਖਤਮ ਕਰਨ ਲਈ ਲੀਲ੍ਹਾ ਦੀ ਕਵਿਤਾ "ਮੁਕਤ ਕਵੀ ਦੀ ਮੁਕਤ ਕਵਿਤਾ ਹੈ, ਸ਼ੁੱਧ ਕਵਿਤਾ, ਨਿਰੋਲ ਕਵਿਤਾ, ਨਖ਼ਸਿਖ ਕਵਿਤਾ, ਕਵੀ ਦਾ ਮੁਕਤ ਹੋਣਾ ਸ਼ੁਭ ਹੈ। ਪਰ ਅੱਜ ਦੀ ਮੁਕਤ ਕਵਿਤਾ ਨੇ ਭੁੱਖ ਨਾਲ ਮਰ ਰਹੇ ਬੰਦੇ ਨੂੰ ਉਵੇਂ ਤਿਆਗ ਦਿੱਤਾ ਹੈ ਜਿਵੇਂ ਮੰਡੀ ਦੀ ਆਰਥਿਕਤਾ ਨੇ। ਕਵੀ ਅਨੁਸਾਰ ਜਿਸ ਅਰਥ ਵਿਚ ਭੁੱਖ ਆਰਥਿਕਤਾ ਦੀ ਸਮੱਸਿਆ ਹੈ, ਉਸ ਅਰਥ ਵਿਚ ਕੋਈ ਵੀ ਸਮੱਸਿਆ ਕਾਵਿਕ ਨਹੀਂ। ਇਉਂ ਆਤਮਾ ਦੀ ਭੁੱਖ ਧਰਮ ਦੀ ਸਮੱਸਿਆ ਹੈ। ਇੰਦਰੀਆਂ ਦੀ ਭੁੱਖ ਮਨੋਵਿਗਿਆਨ ਦੀ। ਵਾਸਤਵ ਵਿਚ ਕਵਿਤਾ ਦਾ ਸਰੋਕਾਰ ਸਮੱਸਿਆ ਨਾਲ ਨਹੀਂ ਸੰਵੇਦਨਾ ਨਾਲ ਹੈ।"[4]

ਲੀਲ੍ਹਾ ਦੀਆਂ ਕਵਿਤਾਵਾਂ ਦੇ ਵਿਸ਼ੇ ਸੂਫੀ ਕਾਵਿ ਵਾਂਗ ਸਹਿਜ ਭਰਪੂਰ ਅਤੇ ਧਾਰਮਿਕ ਕਵਿਤਾ ਵਾਂਗ ਰਹੱਸਪੂਰਵਕ ਹਨ, ਜਿਨ੍ਹਾਂ ਅੰਦਰ ਜੀਵਨ ਦੀ ਦਾਰਸ਼ਨਿਕਤਾ ਹੈ। ਵਿਸ਼ੇ ਸਰਲ ਅਤੇ ਸਹਿਜ ਹੋਣ ਕਰਕੇ ਇਹ ਕਵਿਤਾਵਾਂ ਆਮ ਪੜ੍ਹੇ ਲਿਖੇ ਪਾਠਕਾਂ ਦੇ ਤਾਂ ਸਮਝ 'ਚ ਆਉਂਦੀਆਂ ਹੀ ਹਨ, ਉੱਥੇ ਆਮ ਪੇਂਡੂ ਬੰਦੇ ਦੇ ਵੀ ਸਮਝ ਆਉਣ ਵਾਲੀਆਂ ਹਨ। ਕਵੀ ਦੀ ਖਾਸੀਅਤ ਦਾ ਇਕ ਵੱਡਾ ਗੁਣ ਇਹ ਵੀ ਹੈ ਕਿ ਉਹ ਹਰ ਔਖੀ ਤੋਂ ਔਖੀ ਗੱਲ, ਭਾਸ਼ਾ, ਵਰਤਾਰਾ, ਰਹੱਸਾਂ ਨੂੰ ਸਮਝਾ ਸਕਦਾ ਹੋਵੇ। ਅੱਗੋਂ ਹਰ ਗੁੰਝਲਦਾਰ ਵਰਤਾਰੇ ਨੂੰ ਸੌਖੇ ਤੋਂ ਸੌਖੇ ਤਰੀਕੇ ਨਾਲ ਦੱਸ ਸਕਦਾ ਹੋਵੇ। ਕਵੀ ਦੀ ਕਵਿਤਾ ਸਿਰਫ ਸਵੈ ਲਈ ਨਹੀਂ ਹੁੰਦੀ ਬਲਕਿ ਸਮੂਹ ਲਈ ਹੁੰਦੀ ਹੈ ਜੋ ਸਮਾਜ ਦੀ ਤਰਜਮਾਨੀ ਕਰਦੀ ਹੈ। ਕਵਿਤਾ, ਇਕ ਪੰਕਤੀ ਦਾ ਕਵੀ, ਜਿੱਥੇ ਮਨੁੱਖੀ

ਜੀਵਨ ਦੇ ਆਖਰੀ ਪੰਧ ਨਾਲ ਸਬੰਧਤ ਹੈ ਉੱਥੇ ਇਹ ਕਵਿਤਾ ਦੇ ਸੰਚਾਰ ਦਾ ਸਬੰਧ ਸਮਾਜ ਦੇ ਵੱਖੋ ਵੱਖਰੇ ਤਬਕਿਆਂ ਤੀਕ ਫੈਲਿਆ ਹੋਇਆ ਹੈ। ਜਿੱਥੇ ਕਵੀ ਲਿਖਦਾ ਹੈ ਕਿ ''ਜੋਬਨ ਜੀਰ ਗਿਆ ਹੈ ਨਕਾਲ ਨਾਲ ਜਿਉਂ ਰਿਹਾ ਹਾਂ।'' ਇਸ ਦੀ ਵਿਆਖਿਆ ਅਤੇ ਵਿਸ਼ੇਸ਼ਤਾ 'ਚ ਕਵੀ ਲਿਖਦਾ ਹੈ ਕਿ ''ਮੈਂ ਅਜਿਹੀ ਪੰਕਤੀ ਲਿਖ ਸਕਿਆ ਜਿਸ ਨੂੰ ਮੇਰੇ ਪਿੰਡ ਦਾ ਅਨਪੜ੍ਹ ਤੋਂ ਅਨਪੜ੍ਹ ਵਿਅਕਤੀ, ਹਲ ਵਾਹੁੰਦਾ ਫਕੀਰੀਆਂ, ਦਾਣੇ ਭੁੰਨਦੀ ਪੁੰਨੀ, ਤਾਣੀ ਤਣਦਾ ਦੌਲਤੀ, ਫਾਲੇ ਕੁੱਟਦਾ ਈਸ਼ਰ, ਕੁਸ਼ਤੀ ਲੜਦਾ ਤੁਲਸੀ ਤੇ ਕੱਪੜੇ ਸਿਉਂਦਾ ਗੁਰਮੁਖ, ਸਾਰੇ ਸਮਝ ਸਕਦੇ ਹਨ, ਇਸਦਾ ਰਸ ਲੈ ਸਕਦੇ ਹਨ।''[5]

ਉਕਤ ਕਵਿਤਾ ਦਾ ਵਿਸ਼ਾ ਵਸਤੂ ਇਕ ਸੱਤਰ ਦਾ ਹੋਣ ਕਰਕੇ ਵਿਲੱਖਣ ਹੈ, ਉੱਥੇ ਇਸ ਇਸਤਰੀ ਕਵਿਤਾ ਦੀ ਸਿਫ਼ਤ ਇਸ ਦੀ ਸੰਚਾਰਯੋਗਤਾ ਵਿਚ ਵੀ ਹੈ ਉੱਥੇ ਇਸ ਤੋਂ ਵੀ ਕਿਤੇ ਵਡੇਰਾ ਇਸ ਕਵਿਤਾ ਦੇ ਅਰਥ ਦਾ ਆਨੰਦਮਈ ਵਾਹਨ ਬਣਨਾ ਵੀ ਹੈ। ਇਕ ਪੰਕਤੀ ਵਾਲੀ ਇਹ ਕਵਿਤਾ ਜਪਾਨੀ ਕਵਿਤਾ ਹਾਇਕੂ ਤੋਂ ਵੀ ਆਕਾਰ ਵਿਚ ਛੋਟੀ ਹੈ ਲੇਕਿਨ ਵਿਚਾਰ ਦੇ ਪੱਧਰ ਤੇ ਲੋਕਧਾਰਾ ਦਾ ਹਿੱਸਾ ਬਣ ਕੇ ਇਹ ਕਵਿਤਾ ਉਸ ਤੋਂ (ਹਾਇਕੂ ਤੋਂ) ਕਿਤੇ ਵਿਸ਼ਾਲ ਤੇ ਵਿਸਥਾਰ ਅਰਥਾਂ ਵਾਲੀ ਹੈ ਕਿਉਂਕਿ 'ਨਕਾਲ' (ਸ਼ਬਦ) ਵਗਦੇ ਖਾਲ ਨੂੰ ਬੰਨ੍ਹ (ਨੱਕਾ) ਲਾਉਣ ਪਿੱਛੋਂ ਬਚੇ ਪਾਣੀ ਨੂੰ ਕਿਹਾ ਜਾਂਦਾ ਹੈ ਜੋ ਵਗਦਾ ਵਗਦਾ ਖੇਤ ਵਿਚ ਮੁੱਕ ਜਾਂਦਾ ਹੈ। ਇਹ ਰੂਪਕ ਦੀ ਸ਼ਕਤੀ ਬੁਢਾਪੇ ਦਾ ਸਾਰਥਕ ਬਿੰਬ ਚਿਤਰਨਾ ਹੈ। ''ਰੂਪਕ ਦੀ ਪ੍ਰਮੁੱਖ ਭੂਮਿਕਾ ਕਵਿਤਾ ਨੂੰ ਸ਼ਿੰਗਾਰਨ ਵਿਚ ਨਹੀਂ ਸਗੋਂ ਕਿਸੇ ਅਣਕਿਆਸੇ ਯਥਾਰਥ ਨੂੰ ਸਾਕਾਰਨ ਵਿਚ ਹੈ। ਇਸ ਖੋਜ (ਡਿਸਕਵਰੀ) ਦੇ ਦਰਸ਼ਨ ਹੁੰਦੇ ਹਨ ਏਸ ਚਰਮਬਿੰਦੂ ਤੇ ਕਵਿਤਾ, ਵਿਗਿਆਨ ਤੇ ਗਣਿਤ-ਸ਼ਾਸਤਰ ਦੀ ਭੂਮਿਕਾ (ਨਵੇਂ ਯਥਾਰਥ ਦੀ ਖੋਜ) ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ।''[6]

ਲੀਲ੍ਹਾ ਦੇ ਵਿਸ਼ਿਆਂ ਦੀ ਕਮਾਲ ਇਸ ਵਿਚ ਹੈ ਕਿ ਉਹ ਨਵੀਂ ਖੋਜ, ਨਵੀਂ ਢੂੰਡ ਅਤੇ ਮੌਲਿਕ ਚਿੰਤਨ ਨਾਲ ਭਰਪੂਰ ਹੁੰਦੇ ਹਨ। ਕਵੀ ਦੀ ਕਵਿਤਾ ਮਨੁੱਖਤਾ ਦੇ ਦਰਦ ਨੂੰ ਆਪਣਾ ਦਰਦ ਬਣਾਉਂਦੀ ਹੈ। ਲੀਲ੍ਹਾ ਕਾਵਿ ਦੀ ਮਨੁੱਖ ਦੇ ਦੁੱਖ ਸੁੱਖ ਨਾਲ ਸਾਂਝ ਹੈ। ਕਵੀ ਆਪਣੀ ਇਸ ਤਰ੍ਹਾਂ ਦੀ ਸੋਚ ਦੀ ਸਲਾਮਤੀ ਲਈ ਯਤਨਸ਼ੀਲ ਹੈ ਇਸ ਲਈ ਹੀ ਉਹ ਆਖਦਾ ਹੈ :

ਮੈਨੂੰ ਉਹੀ ਸ਼ਬਦ ਬਖਸ਼  
ਜਿਹੜੇ ਲੋਕਾਂ ਨਾਲ ਜੋੜਦੇ ਹਨ  
ਉਹ ਸ਼ਬਦ ਦੇਹ  
ਜਿਨ੍ਹਾਂ ਨੂੰ ਪੜ੍ਹਕੇ/  
ਲੋਕ ਇਕੱਲੇ ਨਾ ਰਹਿਣ। [7]

ਕਵੀ ਲਈ ਸ਼ਬਦ ਹੀ ਅਤਿ ਮਹੱਤਵ ਵਾਲਾ ਹੈ। ਸ਼ਬਦਾਂ ਦਾ ਆਪਣਾ ਇਤਿਹਾਸ ਅਤੇ ਅਧਿਆਤਮਕ ਮਹੱਤਤਾ ਹੈ। ਕਵੀ ਜਿੱਥੇ ਸ਼ਬਦਾਂ ਤੋਂ ਸ਼ਬਦ ਬਾਣ ਦਾ ਕੰਮ ਲੈਂਦਾ ਹੈ ਉੱਥੇ ਇਹ ਮਰ੍ਹਮ ਪੱਟੀ ਵਾਂਗ ਵੀ ਕਾਰਜ ਕਰਦੇ ਪ੍ਰਤੀਤ ਹੁੰਦੇ ਹਨ। ਇਹ ਉਹੀ ਸ਼ਬਦ ਹਨ ਜਿਸ ਨੂੰ ਗੁਰੂਆਂ ਨੇ ਸ਼ਬਦ ਗੁਰੂ ਕਿਹਾ ਹੈ। ਕਵੀ ਦੇ ਇਸ ਜਹਾਨ ਤੋਂ ਕੂਚ ਕਰਨ ਤੋਂ ਬਾਅਦ ਸ਼ਬਦ ਹੀ ਸ਼ਾਕਸ਼ੀ ਬਣਦੇ ਹਨ, ਸ਼ਬਦ ਹੀ ਕੋਲ ਰਹਿੰਦੇ ਹਨ। ਕਵੀ ਦਾ ਇੱਥੇ ਇਕ ਹੋਰ ਵੀ ਯਤਨ ਹੈ, ਜਦੋਂ ਕਵੀ ਖੁਦ ਬੇਤੁਕੇ ਸਬਦਾਂ ਤੋਂ ਬਚਣਾ ਚਾਹੁੰਦਾ ਹੈ ਲੋਕਾਂ ਨੂੰ ਵੀ ਬਚਾਉਣਾ ਚਾਹੁੰਦਾ ਹੈ ਤਾਂ ਕਵੀ ਉਹ ਸ਼ਬਦ ਨਹੀਂ ਚੁਣਦਾ ਜੋ ਹੱਥਕੜੀਆਂ ਬਣ ਜਾਂਦੇ ਹਨ, ਪੈਰਾਂ ਦੀਆਂ ਬੇੜੀਆਂ ਬਣਕੇ ਰਹਿ ਜਾਂਦੇ ਹਨ ਜੋ ਮਨੁੱਖੀ ਦਿਮਾਗ ਨੂੰ ਨਿਪੁੰਸਕ ਬਣਾ ਦਿੰਦੇ ਹਨ ਗੂੰਗੇ ਹੋ ਜਾਂਦੇ ਨੇ ਕਿਉਂਕਿ:

ਜਦੋਂ ਸ਼ਬਦ ਗੂੰਗੇ ਹੋ ਜਾਂਦੇ ਨੇ  
ਕਿਆਮਤ ਆ ਜਾਂਦੀ ਹੈ।  
ਜਦੋਂ ਮੈਂ ਖੰਭਾਂ ਵਾਲੇ  
ਸ਼ਬਦਾਂ ਨਾਲ ਲਿਖਦਾ ਹਾਂ  
ਮੇਰੇ ਹੱਥ ਦੀਆਂ ਹੱਥਕੜੀਆਂ/ਡਿੱਗ ਪੈਂਦੀਆਂ ਹਨ  
ਮੈਂ ਅਸਮਾਨ ਵਿਚ/ਉਡਣ ਲੱਗ ਪੈਂਦਾ ਹਾਂ [8]

ਕਵੀ ਜਦ ਕਾਇਨਾਤ ਨੂੰ ਸਮਝਣ ਦਾ ਯਤਨ ਕਰਦਾ ਹੈ ਤਾਂ ਅਸਮਰੱਥ ਰਹਿ ਜਾਂਦਾ ਹੈ ਆਪਣੀ ਕਮਜ਼ੋਰੀ ਨੂੰ ਕਬੂਲ ਕਰਨਾ ਵੀ ਕਵੀ ਵੱਲੋਂ ਮਨ ਦੀ ਸਚਾਈ ਪੇਸ਼ ਕਰਨਾ ਹੈ। ਜਦੋਂ ਉਹ ਕੁਦਰਤ ਦੇ ਰਹੱਸ ਸਮਝਣ ਤੋਂ ਅਸਮਰੱਥ ਹੈ। ਪਸ਼ੂਆਂ, ਪੰਛੀਆਂ ਦੀ ਬੋਲੀ ਸਮਝਣਾ ਉਸ ਲਈ ਮੁਸ਼ਕਲ ਹੈ। ਕਿਉਂਕਿ ਲੇਖਕ ਪਸ਼ੂ ਪੰਛੀਆਂ, ਜੀਵ ਜੰਤੂਆਂ ਦੀ Body Language ਅਤੇ ਮਨੁੱਖਾਂ ਦੀ Mind Language ਅਤੇ ਕੁਦਰਤ ਦੀ

ਆਤਮਿਕ Spiritual Language ਸਮਝਣ ਤੋਂ ਅਗਿਆਨੀ ਹੈ। ਲੇਖਕ ਪੜ੍ਹਿਆ ਲਿਖਿਆ ਹੋ ਕੇ ਵੀ ਆਪਣੇ ਆਪ ਨੂੰ ਅਨਪੜ੍ਹ ਸਮਝਦਾ ਹੈ। ਲੀਲ੍ਹਾ ਦੀ ਕਵਿਤਾਵਾਂ ਦੇ ਵਿਸ਼ੇ ਕੁਦਰਤ ਨਾਲ ਇੰਝ ਘੁਲ ਮਿਲ ਜਾਂਦੇ ਹਨ ਜਿਵੇਂ ਨ੍ਰਿਤ ਅਤੇ ਨ੍ਰਿਤਕਾਰ, ਗੀਤ ਅਤੇ ਗੀਤਕਾਰ। ਲਿਖਣ ਨਾਲ ਕਵੀ ਵੱਡਾ ਛੋਟਾ ਨਹੀਂ ਹੁੰਦਾ/ਕਵੀ ਲਿਖਦਾ ਕੀ ਹੈ, ਉਸ ਨਾਲ ਵੱਡਾ ਛੋਟਾ ਹੁੰਦਾ ਹੈ। ਜੇਕਰ ਕਵੀ ਕਵਿਤਾ ਰਾਹੀਂ ਕਵਿਤਾ ਦੀ ਬੋਲੀ 'ਚ ਗੱਲ ਕਰਦਾ ਹੈ ਤਾਂ ਕਵੀ ਅਤੇ ਪ੍ਰਕਿਰਤੀ ਦਾ ਭੇਦ ਖਤਮ ਹੋ ਜਾਂਦਾ ਹੈ/ਪਿਆਸ ਅਤੇ ਪਾਣੀ ਇਕ ਹੋ ਜਾਂਦੇ ਹਨ :

ਜਦੋਂ ਕਲਮ/ਮੇਰੀ ਗੱਲ ਲਿਖਦੀ ਹੈ
ਮੇਰੇ ਜਿੱਡੀ ਹੋ ਜਾਂਦੀ ਹੈ
ਜਦੋਂ ਅਸਮਾਨ ਦੀ/ਅਸਮਾਨ ਜਿੱਡੀ
ਧਰਤੀ ਜਦੋਂ ਮੀਂਹ ਮੰਗਦੀ ਹੈ
ਕਵਿਤਾ ਦੀ ਬੋਲੀ ਬੋਲਦੀ ਹੈ [9]

ਲੀਲ੍ਹਾ ਕਾਵਿ ਦਾ ਵਿਸ਼ੇਗਤ ਅਧਿਐਨ ਕਰਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਕਵਿਤਾਵਾਂ ਮਨੁੱਖ ਨੂੰ ਮੂਰਤ ਤੋਂ ਅਮੂਰਤ ਵੱਲ ਪਰੀਵਰਤਿਤ ਕਰਦੀਆਂ ਹਨ। ਗਿਆਤ ਤੋਂ ਅਗਿਆਤ ਦੇ ਮਹਾਂਮਾਰਗ ਤੇ ਤੋਰਦੀਆਂ ਹਨ। ਇਹ ਕਵਿਤਾਵਾਂ ਸਗਲ ਸ੍ਰਿਸਟੀ ਨੂੰ ਦਰਿਆ ਸਮਝਦੀਆਂ ਹਨ। ਜਿਸ ਦੇ ਕੰਢੇ ਅਮੂਰਤ ਹਨ, ਜਿੱਥੇ ਪਰਿਵਰਤਨ ਦਾ ਜਲ ਲਗਾਤਾਰ ਵਹਿ ਰਿਹਾ ਹੈ, ਜਿੱਥੇ ਛਿਣ ਛਿਣ ਪ੍ਰਕਿਰਤੀ ਬਦਲ ਰਹੀ ਹੈ। ਇਹ ਅਜਿਹਾ ਰੌਚਿਕ ਕਾਵਿ ਹੈ ਜੋ ਸਾਨੂੰ ਇਤਿਹਾਸ ਦੀਆਂ ਮਹਾਨ ਘਟਨਾਵਾਂ ਦਾ ਚੇਤਾ ਕਰਾਉਂਦਾ ਹੈ। ਮਨੁੱਖ ਕੋਲੋ ਹੋਈਆਂ ਭੁੱਲਾਂ ਦਾ ਚੇਤਾ ਕਰਾਉਂਦਾ ਹੈ। ਜਿੱਥੇ ਮਨੁੱਖ ਮਹਾਨ ਸੱਚਾਈਆਂ ਛੱਡ ਕੇ ਛਿਣ ਭੰਗਰੇ ਸੱਚ ਲਈ ਜੂਝ ਰਿਹਾ ਹੈ।

ਪਹਿਲੀ ਵਾਰ/ਸਾਗਰ ਮੰਥਨ ਤੇ/ਚੌਦਾਂ ਰਤਨ ਨਿਕਲੇ
ਉਹਨਾਂ ਦੀ ਚਮਕ ਨਾਲ ਅਸੀਂ/ਏਨੇ ਚੁੰਧਿਆ ਗਏ ਕਿ
ਮੰਥਨ ਭੁੱਲ ਕੇ/ਰਤਨਾਂ ਪਿਛੇ ਲੜਨ ਲੱਗ ਪਏ। [10]

ਲੀਲ੍ਹਾ ਕਾਵਿ ਦਾ ਜਦੋਂ ਵਿਸ਼ੇਗਤ ਅਧਿਐਨ ਕਰਦੇ ਹਾਂ ਤਾਂ ਇਸ ਦਾ ਇਕ ਉਭਰਵਾਂ ਪੱਖ ਮਾਨਵਵਾਦ ਹੈ ਕਿਉਂਕਿ ਰੋਡੇ ਭਰਾਵਾਂ ਦੀ ਕਵਿਤਾ ਸਿਰਫ਼ ਜਾਤ, ਨਸਲ, ਧਰਮ, ਕੌਮ, ਭਾਸ਼ਾ ਆਦਿ ਦੇ ਵਰਗਾਂ 'ਚ ਨਹੀਂ ਵੰਡੀ ਹੋਈ। ਲੀਲ੍ਹਾ ਕਾਵਿ ਔਰਤ ਵਰਗ ਦੀ ਵੇਦਨਾ ਨੂੰ ਬਹੁਤ ਹੀ ਸ਼ਿੱਦਤ ਨਾਲ ਪ੍ਰਸਤੁਤ ਕਰਦਾ ਹੈ। ਲੀਲ੍ਹਾ ਅੰਦਰ ਔਰਤਾਂ ਦੇ ਮਸਲੇ, ਇਤਿਹਾਸਕ, ਸਮਾਜਿਕ ਪਰਿਪੇਖ ਤੋਂ ਵਿਚਾਰੇ ਗਏ ਹਨ। ਰੋਡੇ ਭਰਾਵਾਂ ਦੀ ਲੀਲ੍ਹਾ ਔਰਤ ਵਿਰੁੱਧ ਕੀਤੀਆਂ ਜਾ ਰਹੀਆਂ ਸਾਜਸ਼ਾਂ ਦੇ ਖਿਲਾਫ਼ ਹੈ ਉੱਥੇ ਮਰਿਯਾਦਾ ਦੇ ਨਾਂ ਤੇ, ਪਰੰਪਰਾ ਦੇ ਨਾਂ ਤੇ ਹੋ ਰਹੇ ਉਸਦੇ ਸ਼ੋਸ਼ਣ ਵਿਰੁੱਧ ਵੀ ਆਵਾਜ਼ ਬੁਲੰਦ ਕਰਦੀ ਹੈ। ਇਸ ਕਾਵਿ ਅਧਿਐਨ ਰਾਹੀਂ ਜਿੱਥੇ ਮਨੁੱਖ ਦੀ ਰੂੜ੍ਹੀਵਾਦੀ ਜਗੀਰੂ ਸੋਚ ਦੀ ਮੁਖਾਲਫ਼ਤ ਕੀਤੀ ਗਈ ਹੈ ਉੱਥੇ ਔਰਤ ਨੂੰ ਮੁਕਤੀ ਦੇ ਨਾਂ ਹੇਠ ਸਮਾਜ ਦੀ ਗੁਲਾਮ ਬਣਾਇਆ ਜਾ ਰਿਹਾ ਹੈ। ਜਿਸ ਕਰਕੇ ਹੀ ਆਧੁਨਿਕ ਔਰਤ ਮੰਡੀ ਦੀ ਉਪਭੋਗੀ ਵਸਤੂ ਬਣਨ ਤੋਂ ਨਾਬਰ ਹੈ। ਔਰਤ, ਪੂੰਜੀਵਾਦੀ ਵਿਵਸਥਾ ਲਈ ਜਸ਼ਨ ਦੀ ਸ਼ੈਅ ਨਹੀਂ ਬਨਣਾ ਚਾਹੁੰਦੀ। ਲੀਲ੍ਹਾਂ ਕਾਵਿ ਔਰਤ ਦੀਆਂ ਕੁਚਲੀਆਂ ਜਾ ਰਹੀਆਂ ਭਾਵਨਾਵਾਂ ਅਤੇ ਰੀਝਾਂ ਤੇ ਦਮਨ ਪ੍ਰਤਿ ਔਰਤ ਵਰਗ ਨੂੰ ਜਾਗਰੂਕ ਕਰਦਾ ਹੈ। ਉਸਦੀਆਂ ਖੁਆਇਸ਼ਾਂ, ਕਾਮਨਾਵਾਂ ਅਤੇ ਸੁਤੰਤਰਤਾਵਾਂ ਦੇ ਹੱਕ ਵਿਚ ਖਲੋਂਦਾ ਹੈ। ਔਰਤ ਆਪਣੀ ਦੇਹ ਤੇ ਮਰਦ ਦੀ ਅਜ਼ਾਰੇਦਾਰੀ () ਵਿਰੁੱਧ ਸੰਘਰਸ਼ ਕਰਦੀ ਹੈ। ਕਿਉਂਕਿ ਔਰਤ ਪ੍ਰਚੀਨ ਕਾਲ ਤੋਂ ਹੀ ਇਕ ਵਸਤੂ ਬਣਾਈ ਗਈ ਹੈ। ਕਵੀ ਉਸਨੂੰ ਅੰਦਰਲੀ ਰੇਖਾ ਉਲੰਘਣ ਲਈ ਕਹਿੰਦਾ ਹੈ। ਜਿੰਨਾ ਚਿਰ ਸੀਤਾ ਆਪਣੀ/ਅੰਦਰਲੀ ਰੇਖਾ ਨਹੀਂ ਉਲੰਘਦੀ :

ਓਨਾ ਚਿਰ ਉਹ/ਰਾਮ ਕੋਲ ਹੈ/ਜਾਂ ਰਾਵਣ ਕੋਲ
ਰਾਵਣ ਉਸ ਨੂੰ ਰਾਮ ਦੀ ਰੇਖਾ/ਵਿਚੋਂ ਚੁੱਕਦਾ ਹੈ
ਰਾਮ, ਰਾਵਣ ਦੀ ਰੇਖਾ ਵਿਚੋਂ।
ਜਾਨਕੀ ਨੇ ਆਦਿ ਕਵੀ ਨੂੰ ਕਿਹਾ
ਰਾਮ ਨੇ ਮੈਨੂੰ ਜਿੱਤਿਆ ਹੈ/ਰਾਵਣ ਨੇ ਚੁਰਾਇਆ ਹੈ [11]

ਮਰਦ ਸਮਾਜ ਔਰਤ ਦੀ ਚੇਤਨਾ ਦੇ ਮੁੱਢ ਕਦੀਮ ਤੋਂ ਖਿਲਾਫ਼ ਰਿਹਾ ਹੈ। ਪੁਸ਼ਟੀ ਵਜੋਂ ਇੱਥੇ ਅਸੀਂ ਅਹੱਲਿਆ ਅਤੇ ਸੂਪਨਖਾ ਵਾਲੀ ਲੰਮੀ ਕਵਿਤਾ ਪੜ ਸਕਦੇ ਹਾਂ ਜੋ ਔਰਤ ਦੀ ਸਦੀਆਂ ਤੋਂ ਸੁੱਤੀ ਚੇਤਨਾ ਨੂੰ ਝੰਜੋੜਦੀ ਹੈ। ਕਿਉਂਕਿ ਔਰਤ ਦਾ ਆਪਣੀ ਅੱਖ ਨਾਲ ਵੇਖਣਾ ਹੀ ਉਸ ਲਈ ਸਰਾਪ ਹੈ। ਨਾਰੀ ਜਾਗਦੀ

ਸਰੀਰ ਵਾਲੀ ਚੇਤਨਾ ਹੈ। ਕਵੀ ਇਹ ਦੱਸਦਾ ਹੈ ਕਿ ਜਦੋਂ ਨਾਰੀ ਜਾਗਦੀ ਹੈ ਤਾਂ ਉਸਦਾ ਗਿਆਨ ਹੀ ਉਸ ਲਈ ਅਭਿਸ਼ਾਪ ਕਿਉਂ ਬਣ ਜਾਂਣਾ ਹੈ :

ਉਹ ਸਰਾਪ ਤੋਂ ਸਰਾਪ ਤੱਕ/ਜਿਊਂਦੀ ਹੈ
ਜਦੋਂ ਵੀ ਉਸਦੀ ਅੱਖ ਖੁਲ੍ਹਣ ਲਗਦੀ ਹੈ
ਨਵੇਂ ਸਰਾਪ ਵਿਚ/ਸੁੱਟੀ ਜਾਂਦੀ ਹੈ। [12]

ਮਰਦ ਦੇ ਖਾਲੀਪਣ/ਅਤ੍ਰਿਪਤੀ ਸਦਕਾ ਔਰਤ ਨੂੰ ਮੱਧਕਾਲ ਤੋਂ ਲੈ ਕੇ ਵਰਤਮਾਨ ਕਾਲ ਤੀਕ ਰੁਮਾਨੀ ਅੱਖ ਨਾਲ ਦੇਖਿਆ ਜਾਂਦਾ ਹੈ। ਉਸਨੂੰ ਵਸਤੂ ਵਾਂਗ ਭੋਗਿਆ ਜਾਂਦਾ ਹੈ ਗਹਿਣੇ ਵਾਂਗ ਪਹਿਨਿਆ ਜਾਂਦਾ ਹੈ ਇਥੋਂ ਤੀਕ ਦਾਣੇ ਭੁੰਨਣ ਵਾਲੀ ਭਠਿਆਰਨ ਤੇ ਕਿਰਤੀ ਔਰਤ ਨੂੰ ਚੰਬੇ ਦੀ ਡਾਲੀ ਸਮਝਿਆ ਜਾਂਦਾ ਹੈ। ਕਵੀ ਅਨੁਸਾਰ ''ਇਹ ਇਸਤਰੀ ਦੀ ਸਿਫਤ ਨਹੀਂ, ਉਸਦਾ ਸ਼ੋਸ਼ਣ ਹੈ। ਇਸਤਰੀ ਦਾ ਰੁਮਾਨੀਕਰਣ ਉਸਦਾ ਵਿਅਕਤੀ ਹਰਣ ਹੈ। ਜੇ ਬੰਦੇ ਨੂੰ ਇਸਤਰੀ ਦੇਖਣੀ ਨਹੀਂ ਆਉਂਦੀ ਤਾਂ ਉਸ ਲਈ ਅੱਖ ਸਿਰਜਣੀ ਕਵਿਤਾ ਦੀ ਇਕ ਭੂਮਿਕਾ ਹੈ। ਪਰ ਵਿਡੰਬਨਾ ਇਹ ਹੈ ਕਿ ਪੰਜਾਬੀ ਕਵਿਤਾ ਆਪ ਇਸਤਰੀ ਨੂੰ ਅਲੰਕਾਰ ਦੇ ਰੂਪ ਵਿਚ ਵਰਤਦੀ ਰਹੀ ਹੈ। ਇਸਤਰੀ ਅਤੇ ਕਵਿਤਾ ਦੋਹਾਂ ਨੂੰ ਅਲੰਕਾਰਾਂ ਤੋਂ ਮੁਕਤ ਹੋਣ ਦੀ ਲੋੜ ਹੈ। ਸ਼ਾਇਦ ਸਾਡੀ (ਮਰਦ ਦੀ) ਅੱਖ ਵਿਚੋਂ ਰੋਮਾਨਵਾਦੀ ਝਿੱਲੀ ਲਹਿ ਜਾਵੇ ਅਤੇ ਨਾਰੀ ਅਤੇ ਕਵਿਤਾ ਉਵੇਂ ਦਿਸਣ ਲਗ ਪੈਣ ਜਿਵੇਂ ਉਹ ਹਨ।''(13)

ਲੀਲ੍ਹਾ ਕਾਵਿ ਦਾ ਵਿਸ਼ਾ ਔਰਤ ਨੂੰ ਸਮਰਪਣ ਦੀ ਸਥਿਤੀ 'ਚੋਂ ਕੱਢ ਕੇ ਤਲਾਸ਼ ਵੱਲ ਪ੍ਰੇਰਨਾ ਹੈ। ਬੰਧਨ ਤੋਂ ਮੁਕਤ ਹੋਣ ਲਈ ਮਾਰਗ ਦੱਸਣਾ ਹੈ। ਪੈਤਰਿਕ ਸਮਾਜ ਦੀ ਦਮਿਤਾ ਦੇ ਖਿਲਾਫ਼ ਔਰਤ ਲਈ ਚਾਨਣ ਮੁਨਾਰਾ ਬਣ ਜਾਂਦਾ ਹੈ। ਯਸ਼ੋਧਰਾ ਕਵਿਤਾ ਔਰਤ ਦਾ ਉਹ ਜਿਊਂਦਾ ਜਾਗਦਾ ਸਰੂਪ ਹੈ ਜਦੋਂ ਔਰਤ ਦੀ ਚੇਤਨਾ ਪਰਮ ਚੇਤਨਾ ਦੇ ਦੁਆਰ ਤੇ ਪਹੁੰਚੀ ਜਾਪਦੀ ਹੈ ਜੋ ਬੁੱਧ ਦੇ ਜਾਗਣ ਤੋਂ ਪਹਿਲਾ ਹੀ ਜਾਗੀ ਹੋਈ ਹੈ :

ਮੈਂ ਓਦੋਂ ਜਾਗਦੀ ਸੀ
ਜਦੋਂ ਆਪ ਜਾਗਣ ਦੀ ਤਲਾਸ਼ ਲਈ/ਘਰ ਤਿਆਗ ਰਹੇ ਸੀ
ਨਾਰੀ ਨੂੰ ਕਈ ਵਾਰ/ਪਲਕਾਂ ਬੰਦ ਕਰਕੇ ਸੌਣਾ ਪੈਂਦਾ ਹੈ
ਤੇ ਨਾਲੇ ਮੇਰੀਆਂ ਬਾਹਾਂ ਵਿਚ/ਉਦੋਂ ਰਾਹੁਲ ਸੌਂ ਰਿਹਾ ਸੀ
ਤੇ ਜਿੰਨਾ ਚਿਰ ਮਾਂ ਦੀਆਂ ਬਾਹਾਂ ਵਿਚ/ਬੱਚਾ ਹੁੰਦਾ ਹੈ
ਉਹ ਜਾਗਦੀ ਰਹਿੰਦੀ ਹੈ [14]

ਕੁਦਰਤ ਵਿਚ ਪਲ ਪਲ ਲੀਲ੍ਹਾ ਉਦਘਟਤ ਹੋ ਰਹੀ ਹੈ। ਕਵੀ ਲਈ ਸਮੇਂ ਦਾ ਹਰ ਪਲ ਹੀ ਅਨਮੋਲ ਹੈ। ਕਵੀ ਲਈ ਸਿਰਫ ਇਤਿਹਾਸਕ ਘਟਨਾਵਾਂ ਦਾ ਹੀ ਮਹੱਤਵ ਨਹੀਂ ਹੁੰਦਾ। ਕਵੀ ਲਈ ਉਹ ਸਮਾਂ ਵੀ ਮਹੱਤਵ ਵਾਲਾ ਹੁੰਦਾ ਹੈ ਜਦੋਂ ਸਮਾਜ ਅੰਦਰ ਤਬਦੀਲੀਆਂ ਵਾਪਰਦੀਆਂ ਹਨ, ਜਦੋਂ ਕੋਈ ਸਾਇੰਸਦਾਨ ਮਹਾਨ ਖੋਜ ਕਰਦਾ ਹੈ, ਜਾਂ ਜਦ ਕੋਈ ਚਿੰਤਕ ਨਵਾਂ ਸਿਧਾਂਤ ਪੇਸ਼ ਕਰਦਾ ਹੈ ਜਾਂ ਜਦ ਕਿਸੇ ਮਹਾਂਪੁਰਸ਼ ਨੂੰ ਗਿਆਨ ਉਪਲਬੱਧ ਹੁੰਦਾ ਹੈ। ਲੇਕਿਨ ਕਵਿਤਾ ਲਈ ਉਹ ਪਲ ਮੁੱਲਵਾਨ ਹੁੰਦਾ ਹੈ ਜਿਸ ਪਲ ਵਿਚ ਸਮਾਜ ਲਈ ਕੁੱਝ ਵੀ ਨਹੀਂ ਵਾਪਰਦਾ। ਕਵੀ ਉਨ੍ਹਾਂ ਪਲਾਂ ਦਾ ਵੀ ਆਨੰਦ ਮਾਣਦਾ ਹੈ ਕਿਉਂਕਿ ਇਸ ਪਲ ਸੂਰਜ ਚੜ੍ਹਿਆ ਸੀ। ਪੰਛੀ ਨੇ ਗੀਤ ਗਾਇਆ ਸੀ। ਘਾਹ ਦੀ ਤਿੜ੍ਹ ਫੁੱਟੀ ਸੀ ਜਾਂ ਬੁੱਧ ਨੂੰ ਗਿਆਨ ਹੋਣ ਤੋਂ ਪਹਿਲਾਂ ਬੋਧੀ ਬਿਰਖ ਦੀ ਟਾਹਣੀ ਕੰਬੀ ਸੀ। ਇਤਿਹਾਸ ਘਟਨਾਵਾਂ ਵਿਚ ਵਾਪਰਦਾ ਹੈ ਕਵਿਤਾ ਘਟਨਾ ਤੋਂ ਪਹਿਲਾਂ ਵੀ ਹੁੰਦੀ ਹੈ ਤੇ ਪਿੱਛੋਂ ਵੀ। ਇੰਝ ਇਸ ਕਾਵਿ ਦੇ ਰਚੇਤਾ ਵੱਖ-ਵੱਖ ਵਿਸ਼ਿਆਂ ਰਾਹੀਂ ਸ਼ਬਦ ਸ੍ਰਿਸ਼ਟੀ ਦੀ ਰਚਨਾ ਕਰਦੇ ਹਨ, ਜਿਸ ਸ੍ਰਿਸ਼ਟੀ ਤੋਂ ਸਿਰਫ਼ ਚੇਤਨਾ ਹੀ ਪੈਦਾ ਨਹੀਂ ਹੁੰਦੀ ਬਲਕਿ ਪਰਮ ਚੇਤਨਾ ਵੀ ਫੁੱਟਦੀ ਪ੍ਰਤੀਤ ਹੁੰਦੀ ਹੈ :

ਤੂੰ ਸ੍ਰਿਸ਼ਟੀ ਦੇ ਪਸਾਰ ਵਿਚ
ਥਾਂ ਥਾਂ ਪੱਤੀਆਂ ਵਾਂਗ ਬਿਖਰੀ ਪਈ ਹੈਂ
ਬਨਸਪਤੀ ਦੀ ਤਰਲਤਾ ਵਿਚ
ਜੀਵ ਜੰਤੂਆਂ ਦੀ ਮਿੱਟੀ ਵਿਚ/ਤੇਰੀ ਲੋਅ ਹੈ [15]

ਲੀਲ੍ਹਾ ਦੀ ਵਿਲੱਖਣਤਾ ਇਹ ਵੀ ਹੈ ਕਿ ਇਸਦੇ ਵਿਸ਼ੇ ਕੁੱਝ ਵਿਅਕਤੀ ਚਿੱਤਰਾਂ ਦੁਆਲੇ ਕੇਂਦਰਿਤ ਹਨ, ਇਹ ਕਾਵਿ ਚਿੱਤਰ ਵਿਅਕਤੀਆਂ ਦੀ ਵਿਲੱਖਣਤਾ, ਉਹਨਾਂ ਦੀ ਉਪਲਬੱਧੀ ਨੂੰ ਬਿਆਨ ਕਰਨ ਵਾਲੇ ਹਨ। ਕਾਵਿ ਚਿੱਤਰਾਂ ਦੁਆਰਾ ਜਿੱਥੇ ਪ੍ਰਸਤੁੱਤ ਵਿਅਕਤੀਆਂ ਦੀ ਸ਼ਖ਼ਸੀਅਤ ਦੇ ਦੇਖੇ ਅਣਦੇਖੇ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ, ਉੱਥੇ ਵਿਅਕਤੀਆਂ ਦੇ ਜੀਵਨ

ਪੱਖ ਪਾਠਕ ਤੇ ਆਮ ਆਦਮੀ ਲਈ ਰਾਵਾਂ, ਸਲਾਵਾਂ ਤੇ ਮਾਰਗ ਵੀ ਬਣ ਜਾਂਦੇ ਹਨ। ਲੀਲ੍ਹਾ ਵਿਚ ਡਾਕਟਰ ਦੇਵ ਲਈ, ਪਾਸ਼ ਲਈ, ਗੁਰਨਾਮ ਸਿੰਘ ਕੁਲਾਰ ਲਈ, ਡਾ: ਅਤਰ ਸਿੰਘ ਲਈ, ਸਮਰਪਤ ਇਹਨਾਂ ਕਵਿਤਾਵਾਂ 'ਚ ਉਹਨਾਂ ਮਿੱਤਰਾਂ ਲਈ ਵਿਗੋਚਾ ਹੈ ਜੋ ਵਿਛੜ ਗਏ ਹਨ। ਉਨ੍ਹਾਂ ਕਾਵਿਕ ਤੇ ਬੌਧਿਕ ਸ਼ਾਮਾਂ ਦਾ ਜ਼ਿਕਰ ਹੈ ਜਿੱਥੇ ਮਿੱਤਰ ਮੰਡਲੀ ਨੇ ਬੈਠਕੇ ਵਿਚਾਰਾਂ ਦਾ ਮੰਥਨ ਕੀਤਾ ਸੀ। ਅਜਿਹੇ ਵਿਅਕਤੀ ਚਿੱਤਰ ਨੂੰ ਚਿੱਤਰਦਿਆਂ ਕਵੀ (ਇਸ ਨੂੰ) ਬੌਧਿਕ ਬਿਆਨ ਕਰਦਾ ਹੈ ਕਿ ਨਾਲ ਨਾਲ ਦ੍ਰਿਸ਼ ਵੀ ਸਾਕਾਰ ਹੋ ਉਠਦੇ ਹਨ ਹਰਜੀਤ ਅਟਵਾਲ, ਅਮਰਜੀਤ ਚੰਦਨ ਤੇ ਪਾਸ਼ ਨਾਲ ਲੰਡਨ 'ਚ ਗੁਜ਼ਾਰੀ ਇਕ ਸ਼ਾਮ ਦਾ ਉਚੇਚਾ ਜ਼ਿਕਰ ਹੈ। ਕਵੀਆਂ ਦਾ ਇਹ ਦਾਇਰਾ ਜਿੱਥੇ ਪੰਜਾਬੀ ਦੇ ਲੇਖਕਾਂ, ਵਿਦਵਾਨਾਂ ਤੇ ਮਿੱਤਰਾਂ ਤੀਕ ਫੈਲਿਆ ਹੋਇਆ ਹੈ ਉੱਥੇ ਸੁਕਰਾਤ ਦੇ ਹੱਥਾਂ ਵਿਚ ਜ਼ਹਿਰ ਦੇ ਪਿਆਲੇ ਤੀਕ ਦਾ ਦ੍ਰਿਸ਼ ਚਿਤਰਣ ਕੀਤਾ ਹੋਇਆ ਹੈ, ਇਸ ਦੇ ਨਾਲ ਹੀ ਮਹਿੰਦਰਾ ਕਾਲਜ ਨੂੰ ਕਵੀ ਉਸੇ ਤਰ੍ਹਾਂ ਚਿਤਰਦਾ ਹੈ ਜਿਵੇਂ ਵਿਅਕਤੀਆਂ ਨੂੰ ਪੇਸ਼ ਕੀਤਾ ਹੈ। ਸਾਧੂ ਸਿੰਘ ਧਾਮੀ, ਬੈਜਾਮਿਨ ਮੋਲਾਇਸੇ, ਡਾ. ਪ੍ਰੇਮ ਪ੍ਰਕਾਸ਼ ਆਦਿ ਉਸ ਦੇ ਵਧੀਆ ਕਾਵਿ ਚਿੱਤਰ ਹਨ।

ਲੀਲ੍ਹਾ ਕਾਵਿ ਦਾ ਮੰਤਵ ਤੇ ਉਦੇਸ਼ ਸੱਚ ਸਬੰਧੀ ਦੂਸਰਿਆਂ ਨੂੰ ਸਹੀ ਜਾਣਕਾਰੀ ਦੇਣਾ ਹੈ ਅਤੇ ਅਪ੍ਰਾਪਤ ਸੱਚ ਜਾਂ ਅਬੁੱਝ ਸੱਚ ਪ੍ਰਤੀ ਜਗਿਆਸੂ ਲੋਕਾਂ ਅੰਦਰ ਤਲਾਸ਼ ਪੈਦਾ ਕਰਨਾ ਹੈ। ਇਹ ਕਵਿਤਾਵਾਂ ਸਭ ਕਿਸਮ ਦੇ ਅੰਧ ਵਿਸ਼ਵਾਸ਼ਾਂ ਮਿਥਾਂ ਆਦਿ ਨੂੰ ਤੋੜਦੀਆਂ ਹੋਈਆਂ ਨਵੀਆਂ ਮਿੱਥਾਂ ਦਾ ਸਿਰਜਣ ਵੀ ਕਰਦੀਆਂ ਹਨ। ਇਸ ਕਾਵਿ ਦੇ ਰਚੇਤਾ ਨਾ ਤਾਂ ਬੁੱਤ ਪੂਜਕ ਹਨ, ਨਾ ਹੀ ਵਿਅਕਤੀ ਪੂਜਕ। ਇਸ ਕਾਵਿ ਵਿਚਲਾ ਗਿਆਨ ਗੁਰੂਆਂ, ਅਵਤਾਰਾਂ, ਸਮਾਜ ਸੇਵਕਾਂ ਅਤੇ ਪੈਗੰਬਰਾਂ ਨੂੰ ਸੰਬੋਧਿਤ ਹੋਇਆ ਹੈ। ਅਹੱਲਿਆ, ਸੂਪਨਖਾ, ਸੀਤਾ ਦਰੋਪਤੀ ਕਵਿਤਾਵਾਂ ਪੂਰਬ ਨਿਰਧਾਰਤ ਮਿੱਥਾਂ ਅਤੇ ਪ੍ਰਚਲਤ ਵਿਚਾਰਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ। ਨਵਾਂ ਸਿਧਾਰਥ ਕਿਵੇਂ ਪੈਦਾ ਹੋਵੇ। ਭਾਈ ਘਨਈਆਂ, ਕ੍ਰਿਸ਼ਨ ਭਗਵਾਨ, ਰਾਮ ਚੰਦਰ, ਅਤੇ ਮਾਰਕਸ ਸਬੰਧੀ ਕਵਿਤਾਵਾਂ ਲੀਲ੍ਹਾ ਦੇ ਵੱਡ ਅਕਾਰੀ ਵਿਸ਼ੇ ਹਨ। ਵਿਸ਼ਵਕਰਮਾ, ਯਸ਼ੋਧਰਾ, ਸ਼ਿਵ ਜੀ, ਭਰਤਮੁਨੀ, ਆਚਾਰੀਯ ਮੰਮਟ, ਵਿਸ਼ਣੂ, ਗੋਰਖਨਾਥ ਨੂੰ ਸਮਰਪਤ ਕਵਿਤਾਵਾਂ ਸਾਨੂੰ ਪ੍ਰਾਚੀਨ ਕਾਲ, ਮੱਧ ਕਾਲ ਅਤੇ ਵਰਤਮਾਨ ਦੇ ਅਨੇਕਾਂ ਸੰਦਭਰਾਂ/ਪੱਖਾਂ ਨੂੰ ਪੇਸ਼ ਕਰਦੀਆਂ ਜਾਪਦੀਆਂ ਹਨ। ਗੋਰਖਨਾਥ ਬਚਨ ਬੋਲਦਾ ਹੈ :

ਤੇਰਾ ਤਨ ਹੀ ਤੇਰੀ ਸੀਮਾ ਹੈ, ਬੱਚਾ
ਇਸ ਤਨ ਦੀ ਲੋੜ ਤੋਂ ਅੱਗੇ ਮਤ ਜਾਹ:
ਤਨ ਨੂੰ ਵਸਤਰਾਂ ਦੀ ਲੋੜ ਨਹੀਂ, ਇਸਨੂੰ
ਵਿਭੂਤੀ ਨਾਲ ਢਕ ਦੇ [16]

ਭਾਰਤੀ ਸਮਾਜ ਦੇ ਵਿਕਾਸ ਨੂੰ ਜੋ ਵੀ ਮਸਲੇ ਰੋਕ ਰਹੇ ਹਨ, ਲੀਲ੍ਹਾ ਕਾਵਿ ਉਹਨਾਂ ਮਸਲਿਆਂ ਦੀਆਂ ਤਹਿਆਂ ਨੂੰ ਬਾਖੂਬੀ ਫਰੋਲਦਾ ਹੈ। ਭਾਰਤ ਅੰਦਰ ਜਾਤ ਪਾਤ ਦਾ ਅਜਿਹਾ ਬੋਲਬਾਲਾ ਹੈ ਜਿਸ ਸਦਕਾ ਭਾਰਤੀ ਸਮਾਜ ਦੀ ਅਤਿ ਪਛੜੇਵੇਂ ਵਾਲੀ ਤਸਵੀਰ ਸਾਫ਼ ਝਲਕਦੀ ਹੈ। ਇਸ ਪ੍ਰਥਾ ਨੂੰ ਤੋੜਦਿਆਂ ਨੂੰ ਬਹੁਤ ਲੰਮਾ ਅਰਸਾ ਬਤੀਤ ਹੋ ਗਿਆ ਹੈ ਪਰੰਤੂ ਇਹ ਮਸਲਾ ਫੇਰ ਵੀ ਬੇਕਾਬੂ ਹੈ। ਇਸ ਮਸਲੇ ਨੂੰ ਜਿੱਥੇ ਰਾਜਨੀਤਕ ਹਥਿਆਰ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਉੱਥੇ ਇਸ ਪ੍ਰਥਾ ਨੂੰ ਖਤਮ ਕਰਨ ਵਾਲੇ ਖੁਦ ਇਸ ਪ੍ਰਥਾ ਤੋਂ ਖਹਿੜਾ ਨਹੀਂ ਛੁਡਾ ਰਹੇ। ਇਨ੍ਹਾਂ ਲੋਕਾਂ 'ਚ ਉਹ ਲੋਕ ਵੀ ਸ਼ਾਮਲ ਹਨ ਜੋ ਵਿਚਾਰਧਾਰਕ ਚੇਤਨਾ ਦੀ ਜਾਗ ਲਾਉਣ ਤੁਰੇ ਹੋਏ ਹਨ। ਇਹ ਕਾਵਿ ਇਹ ਸਪਸ਼ਟ ਕਰਦਾ ਹੈ ਕਿ ਭਾਵੇਂ ਵਿਗਿਆਨਕ ਤੇ ਧਾਰਮਿਕ ਸਿਧਾਂਤਾਂ ਨੇ ਅਜਿਹੀ ਪਰੰਪਰਾ ਨੂੰ ਸਦੀਆਂ/ਦਹਾਕੇ ਪਹਿਲਾਂ ਰੱਦ ਕਰ ਦਿੱਤਾ ਹੈ। ਲੇਕਿਨ ਧਾਰਮਿਕ ਅਤੇ ਜਮਾਤੀ ਵਿਚਾਰਧਾਰਾ ਦੇ ਅਲੰਬਰਦਾਰ ਖੁਦ ਇਸ ਪਰੰਪਰਾ ਨੂੰ ਵਿਕਸਤ ਕਰਨ 'ਚ ਆਪਣੀ ਨਾਂਹ ਪੱਖੀ ਭੂਮਿਕਾ ਨਿਭਾ ਰਹੇ ਹਨ। ਇਸ ਤਰ੍ਹਾਂ ਦੇ ਲੋਕਾਂ ਦੀ ਕਹਿਣੀ ਅਤੇ ਕਥਨੀ ਅੰਦਰ ਦਿਨ ਰਾਤ ਦਾ ਫਾਸਲਾ ਹੈ :

ਸਿੰਘ ਸਜਿਆ ਸਜ ਬੋਲਿਆ ਜਾਤ ਪਾਤ ਗਈ ਛੁੱਟ
ਧੀ ਲਈ ਕਾਹਤੋਂ ਸਿੰਘ ਜੀ ਭਾਲੇ ਜੱਟ ਦਾ ਪੁੱਤ।
ਖੁਸ਼ ਨਾ ਹੋ ਜੇ ਝੁਕ ਰਹੇ ਉੱਚੇ ਸਿਰ ਦਿਨ ਰਾਤ
ਮੂੰਹ ਵਿਚ ਆਖਣ ਜੈਲਿਆ ਗੁੱਲੀ ਘੜ ਤੇਰੀ ਜਾਤ [17]

ਅਜੋਕੀ ਰਾਜਸੀ ਵਿਵਸਥਾ ਵੱਲੋਂ ਜਾਤਵਾਦੀ ਪ੍ਰਬੰਧ ਨੂੰ ਜਿਉਂ ਦੀ ਤਿਉਂ ਕਾਇਮ ਰੱਖਿਆ ਜਾ ਰਿਹਾ ਹੈ। ਪਿੰਡ ਵਿਚ ਉਵੇਂ ਹੀ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਕਾਇਮ ਹੀ ਨਹੀਂ ਬਲਕਿ ਹੋਰ ਵੀ ਮਜ਼ਬੂਤ ਹੋਈਆਂ ਹਨ। ਰਾਜ ਪ੍ਰਬੰਧ ਵੱਲੋਂ ਜਾਤੀ ਪ੍ਰਬੰਧ ਨੂੰ ਕਾਇਮ ਰੱਖਣ ਲਈ ਹੀ ਬਲ ਅਤੇ ਛਲ ਦੀ

ਨੀਤੀ ਅਖਤਿਆਰ ਕੀਤੀ ਜਾ ਰਹੀ ਹੈ। ਇਕ ਸਭਿਅਕ ਚਲਾਕੀ ਤਹਿਤ ਛੋਟੇ ਮੋਟੇ ਹੇਰ ਫੇਰ ਕੀਤੇ ਜਾ ਰਹੇ ਹਨ। ਮਾਨਵਵਾਦੀ ਵਿਗਿਆਨ ਤੇ ਧਾਰਮਿਕ ਸੋਚ ਜਾਂ ਤਾਂ ਲੋਪ ਹੈ ਜਾਂ ਫੇਰ ਡਾਵਾਂਡੋਲ ਹੈ :

ਸਾਡਾ ਮਾਨਵਵਾਦ
ਚੂਹੜੇ ਨੂੰ ਹਰੀਜਨ ਕਹਿਣ ਤੀਕ ਸੀਮਤ ਹੈ
ਇਹ ਕੇਵਲ ਸ਼ਬਦਾਂ ਦੀ ਹੇਰਾਫੇਰੀ ਹੈ
ਇਕ ਸਭਿਅਕ ਚਲਾਕੀ ਹੈ
ਅਸੀਂ 'ਸੱਭਿਯ' ਹੋ ਰਹੇ ਹਾਂ,

ਅਸੀਂ ਭਲੀਭਾਂਤ ਇਹ ਆਖ ਸਕਦੇ ਹਾਂ ਕਿ ਅਜਮੇਰ ਰੋਡੇ ਅਤੇ ਨਵਤੇਜ ਭਾਰਤੀ ਦਾ ਵਿਸ਼ਾ ਸਰੋਤ, ਬ੍ਰਹਿਮੰਡ ਹੈ, ਕਾਇਨਾਤ ਹੈ, ਪ੍ਰਕਿਰਤੀ ਹੈ ਅਤੇ ਮਨੁੱਖਾਂ ਦੀ ਸਦੀਆਂ ਪੁਰਾਣੀ ਸੰਸਿਤੀ ਹੈ, ਜਿਸ ਨੂੰ ਵਿਸ਼ਾ ਬਣਾ ਕੇ ਰੋਡੇ ਭਰਾ ਕਵਿਤਾ ਦੀ ਸਿਰਜਣਾ ਕਰਦੇ ਹਨ। ਭੇਦ ਭਾਵ ਵਾਲੀ ਪ੍ਰਵਿਰਤੀ ਨਾ ਹੋਣ ਕਰਕੇ ਇਸ ਕਾਵਿ 'ਚ ਸਰਬਸਾਂਝੀਵਾਲਤਾ ਦਾ ਸੰਕਲਪ ਹੈ, ਜਦੋਂ ਕਾਇਨਾਤ ਦੇ ਸਮੁੱਚੇ ਵਿਸ਼ਵੀ ਵਰਤਾਰਿਆਂ ਨੂੰ ੧ਓਂ ਦੀ ਉਤਪਤੀ ਮੰਨਦਾ ਹੈ। ਇਸ ਸਮੁੱਚੇ ਕਾਵਿ ਦੇ ਵਿਸ਼ੇ ਵਿਸ਼ਵ ਚਿੰਤਨ ਨਾਲ ਭਰਪੂਰ ਹਨ। ਕਾਵਿ ਦਾ ਮੁੱਖ ਵਿਸ਼ਾ ਤੁਰਦੇ ਰਹਿਣਾ ਹੈ, ਗਤੀਸ਼ੀਲ ਹੋਣਾ ਹੈ। ਮਨੁੱਖੀ ਸਭਿਅਤਾ ਦੀ ਇਤਿਹਾਸਕ ਪੜਚੋਲ ਕਰਨਾ ਹੈ। ਤਿੰਨੇ ਕਾਲਾਂ ਦਾ ਮੰਥਨ ਕਰਨਾ ਹੈ। ਇਤਿਹਾਸ ਦੀ ਸਚਾਈ ਰੂਪੀ ਗਿਰੀ ਨੂੰ ਸਵੀਕਾਰਨਾ ਹੈ, ਫੋਲਕ, ਛਿਲਕਿਆਂ ਨੂੰ ਕੂੰਜ ਵਾਂਗ ਉਤਾਰਨਾ ਹੈ। ਇਸ ਕਾਵਿ ਦਾ ਮੰਤਵ ਵਾਦ ਵਿਵਾਦ ਕਰਨਾ ਨਹੀਂ, ਸੰਵਾਦ ਰਚਾਉਣਾ ਹੈ, ਪ੍ਰਵਚਨ ਸੁਣਨਾ ਹੈ। ਦ੍ਰਿਸ਼ਟਾ ਬਣਨਾ ਹੈ। ਪੰਛੀਆਂ ਵਾਂਗ ਅਸਮਾਨ 'ਚ ਪਰਵਾਜ ਭਰਨੀ ਹੈ। ਸੁਪਨੇ ਲੈਣਾ ਹੈ, ਜੀਵਨ ਦੇ ਵੱਡਮੁੱਲੇ ਸੂਤਰਾਂ ਨੂੰ ਗ੍ਰਹਿਣ ਕਰਨਾ ਹੈ, ਪ੍ਰੇਮ ਦੇ ਮਹਾਂ ਦਰ ਨੂੰ ਖੋਲ੍ਹਣਾ ਹੈ, ਹਰ ਤਰ੍ਹਾਂ ਦੀਆਂ ਸੀਮਾਵਾਂ ਤੋਂ ਪਾਰ ਜਾਣਾ ਹੈ। ਕਾਇਨਾਤ ਤੇ ਇਸ ਦੀ ਵਿਭਿੰਨਤਾ ਨਾਲ ਇਕਮਿਕਤਾ ਕਾਇਮ ਕਰਨਾ ਹੈ। ਅੰਦਰਲੇ ਅਤੇ ਬਾਹਰਲੇ ਵਾਤਾਵਰਣ ਨੂੰ ਠੀਕ ਕਰਨਾ ਹੈ। ਸੰਚਾਰ ਦੇ ਦੁਆਰ ਖੋਲ੍ਹਣਾ ਹੈ। ਦ੍ਰਿਸ਼ਟੀ ਨੂੰ ਵਿਸ਼ਾਲ ਕਰਨਾ ਹੈ। ਜੀਵਨ ਦੇ ਕਾਵਿ ਨੂੰ ਫੁੱਲ ਵਾਂਗ ਮਹਿਕਦਾਰ ਬਨਾਉਣਾ ਹੈ। ਮਨੁੱਖ ਦਾ ਰਿਸ਼ੀ ਵਿਚ ਪਰਿਵਰਤਿਤ ਹੋਣਾ ਹੈ। ਇੰਝ ਲੀਲ੍ਹਾ ਦੀਆਂ ਕਵਿਤਾਵਾਂ ਦੇ ਪਾਸਾਰ ਵਿਸ਼ਾਲਤਾ, ਵਿਸ਼ਵਤਾ, ਵਿਲੱਖਣਤਾ ਨਾਲ ਭਰਪੂਰ ਹਨ।

**ਹਵਾਲੇ:**


1. ਹਰਕਾਰਾ, ਸਤੰਬਰ 07, ਅੰਕ ਨੰ: 189, 5 Model Town Market, Jalandhar.
2. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 1994 ਪੰਨਾ 11.
3. ਲੀਲ੍ਹਾ, ਪੰਨਾ 35.
4. ਉਹੀ, ਪੰਨਾ 64, 65.
5. ਉਹੀ, ਪੰਨਾ 200.
6. ਉਹੀ, ਪੰਨਾ 201.
7. ਉਹੀ, ਪੰਨਾ 223.
8. ਉਹੀ, ਪੰਨਾ 280.
9. ਉਹੀ, ਪੰਨਾ 532.
10. ਉਹੀ, ਪੰਨਾ 929.
11. ਉਹੀ, ਪੰਨਾ 90.
12. ਉਹੀ, ਪੰਨਾ 310.
13. ਉਹੀ, ਪੰਨਾ 317.
14. ਉਹੀ, ਪੰਨਾ 564.
15. ਉਹੀ, ਪੰਨਾ 659.
16. ਉਹੀ, ਪੰਨਾ 908.
17. ਉਹੀ, ਪੰਨਾ 54.